# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ:07-04-2024**

ਚੋਣ ਕਮਿਸ਼ਨ ਨੇ ਕਿਹਾ ਕਿ ਆਮ ਚੋਣਾਂ-2024 ਦੇ ਐਲਾਨ ਤੋਂ ਬਾਅਦ ਸਿਰਫ 20 ਦਿਨਾਂ ਵਿੱਚ ਸੁਵਿਧਾ ਪੋਰਟਲ 'ਤੇ 73 ਹਜ਼ਾਰ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਨੇ। ਚੋਣ ਪ੍ਰਚਾਰ ਦੇ ਸਮੇਂ ਦੀ ਮਹੱਤਤਾ ਨੂੰ ਸਮਝਦੇ ਹੋਏ, ਪਾਰਟੀਆਂ ਅਤੇ ਉਮੀਦਵਾਰ, ਵੋਟਰਾਂ ਤੱਕ ਪਹੁੰਚਣ ਲਈ ਸਰਗਰਮੀਆਂ ਵਿੱਚ ਰੁੱਝੇ ਹੋਏ ਨੇ। ਸੁਵਿਧਾ ਪੋਰਟਲ 'ਫਰਸਟ ਇਨ ਫਸਟ ਆਊਟ' ਸਿਧਾਂਤ 'ਤੇ ਪਾਰਦਰਸ਼ੀ ਢੰਗ ਨਾਲ ਇਜ਼ਾਜਤ ਬੇਨਤੀਆਂ ਦੀ ਵਿਭਿੰਨ ਸ਼੍ਰੇਣੀ ਨੂੰ ਪੂਰਾ ਕਰਦਾ ਏ। ਇਹ ਰੈਲੀਆਂ ਦੇ ਆਯੋਜਨ, ਅਸਥਾਈ ਪਾਰਟੀ ਦਫਤਰ ਖੋਲ੍ਹਣ, ਘਰ-ਘਰ ਪ੍ਰਚਾਰ ਕਰਨ, ਵੀਡੀਓ ਵੈਨਾਂ, ਹੈਲੀਕਾਪਟਰਾਂ, ਵਾਹਨ ਪਰਮਿਟ ਪ੍ਰਾਪਤ ਕਰਨ ਅਤੇ ਪੈਂਫਲਿਟ ਵੰਡਣ ਲਈ ਇਜਾਜ਼ਤਾਂ ਦੀ ਪੂਰਤੀ ਕਰਦਾ ਏ। ਚੋਣ ਕਮਿਸ਼ਨ ਨੇ ਕਿਹਾ, 44 ਹਜ਼ਾਰ 600 ਤੋਂ ਵੱਧ ਬੇਨਤੀਆਂ ਨੂੰ ਮਨਜ਼ੂਰੀ ਦਿੱਤੀ ਗਈ ਏ ਅਤੇ ਫਸਟ ਇਨ ਫਸਟ ਆਊਟ ਸਿਧਾਂਤ ਪਾਰਟੀਆਂ

ਅਤੇ ਉਮੀਦਵਾਰਾਂ ਲਈ ਬਰਾਬਰੀ ਯਕੀਨੀ ਬਣਾ ਰਿਹਾ ਏ। ਸੁਵਿਧਾ ਪੋਰਟਲ ਚੋਣ ਪ੍ਰਬੰਧਨ ਵਿੱਚ ਪਾਰਦਰਸ਼ਤਾ ਨੂੰ ਵੀ ਉਤਸ਼ਾਹਿਤ ਕਰਦਾ ਏ । ਸੁਵਿਧਾ ਪੋਰਟਲ (suvidha.eci.gov.in) ਰਾਹੀਂ ਪਹੁੰਚਯੋਗ, ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰ ਕਿਸੇ ਵੀ ਸਮੇਂ, ਕਿਤੇ ਵੀ, ਔਨਲਾਈਨ ਇਜ਼ਾਜਤ ਬੇਨਤੀਆਂ ਨੂੰ ਸਹਿਜੇ ਹੀ ਜਮ੍ਹਾਂ ਕਰ ਸਕਦੇ ਨੇ। ਇਸ ਤੋਂ ਇਲਾਵਾ, ਔਫਲਾਈਨ ਸਬਮਿਸ਼ਨ ਵਿਕਲਪ ਵੀ ਉਪਲਬਧ ਨੇ।

----------------------------------------------------

ਲੋਕਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਸੁਚੱਜੀ ਵਰਤੋਂ ਲਈ ਪ੍ਰੇਰਿਤ ਕਰਨ ਬਾਰੇ, ਜ਼ਿਲ੍ਹਾ ਬਰਨਾਲਾ 'ਚ ਸਵੀਪ ਤਹਿਤ ਵੱਖ ਵੱਖ ਗਤੀਵਿਧੀਆਂ ਕਰਵਾਈ ਜਾ ਰਹੀਆਂ ਨੇ। ਜ਼ਿਲ੍ਹਾ ਚੋਣ ਅਫ਼ਸਰ ਪੂਨਮਦੀਪ ਕੌਰ ਨੇ ਦੱਸਿਆ ਕਿ ਵਿੱਦਿਅਕ ਅਦਾਰਿਆਂ 'ਚ ਕੈਂਪਸ ਅੰਬੈਸਡਰ ਲਗਾਏ ਗਏ ਨੇ, ਜਿਨ੍ਹਾਂ ਵੱਲੋਂ ਆਪਣੇ ਨੇੜਲੇ ਯੋਗ ਵੋਟਰਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਏ। ਇਸ ਤਹਿਤ ਲਾਲ ਬਹਾਦਰ ਸ਼ਾਸਤਰੀ ਕਾਲਜ ਵਿਖੇ ਕੈਂਪਸ ਅੰਬੈਸਡਰ ਵਿਦਿਆਰਥੀਆਂ ਨੇ ਯੋਗ ਵੋਟਰਾਂ ਨੂੰ ਆਪਣੀ ਵੋਟ ਦਾ ਅਧਿਕਾਰ ਯਕੀਨੀ ਅਤੇ ਸੁਚੱਜੇ ਤਰੀਕੇ ਨਾਲ ਵਰਤਣ ਲਈ ਪ੍ਰੇਰਿਆ। ਉਨ੍ਹਾਂ ਦੱਸਿਆ ਕਿ ਪਿੰਡਾਂ 'ਚ ਚੋਣ ਪਾਠਸ਼ਾਲਾ ਲਗਾਈ

ਜਾ ਰਹੀ ਏ। ਪਿੰਡ ਚੀਮਾ ਵਿਖੇ ਲਗਾਈ ਗਈ ਚੋਣ ਪਾਠਸ਼ਾਲਾ ਦੌਰਾਨ ਲੋਕਾਂ ਨੂੰ ਦੱਸਿਆ ਗਿਆ ਕਿ ਉਹ ਕਿਵੇਂ ਆਪਣੀ ਨਵੀਂ ਵੋਟ ਬਣਵਾ ਸਕਦੇ ਨੇ ਜਾਂ ਕਿਵੇਂ ਵੋਟ ਇਕ ਥਾਂ ਤੋਂ ਦੂਜੇ ਥਾਂ ਤਬਦੀਲ ਕੀਤੀ ਜਾ ਸਕਦੀ ਏ। ਵੋਟਰ ਜਾਗਰੂਕਤਾ ਮੁਹਿੰਮ ਤਹਿਤ ਸਕੂਲਾਂ ਵਿੱਚ ਪੋਸਟਰ ਮੇਕਿੰਗ, ਭਾਸ਼ਣ ਮੁਕਾਬਲੇ ਕਰਵਾਏ ਜਾ ਰਹੇ ਨੇ। ਸਰਕਾਰੀ ਹਾਈ ਸਕੂਲ ਪੱਖੋ ਕੇ ਵਿਖੇ ਸਵੀਪ ਗਤੀਵਿਧੀਆਂ ਤਹਿਤ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਪਹਿਲਾ ਸਥਾਨ ਸਿਮਰਨ ਕੌਰ ਨੇ, ਦੂਸਰਾ ਸਥਾਨ ਗੁਰਲੀਨ ਕੌਰ ਅਤੇ ਤੀਸਰਾ ਸਥਾਨ ਸਹਿਜਪ੍ਰੀਤ ਕੌਰ ਨੇ ਹਾਸਿਲ ਕੀਤਾ।

---------------------------------------------------------

ਓਧਰ ਬਠਿੰਡਾ ਦੇ ਡਿਪਟੀ ਕਮਿਸ਼ਨਰ ਤੇ ਜਿਲ੍ਹਾ ਚੋਣ ਅਫਸਰ ਜਸਪ੍ਰੀਤ ਸਿੰਘ ਦੀਆਂ ਹਦਾਇਤਾਂ ਅਨੁਸਾਰ ਬੀਤੇ ਦਿਨੀ, ਰਾਜਿੰਦਰਾ ਕਾਲਜ ਵਿਖੇ ਪ੍ਰਿੰਸੀਪਲ ਡਾ. ਜਯੋਤਸਨਾ ਸਿੰਗਲਾ ਦੀ ਅਗਵਾਈ ਹੇਠ ਕਾਲਜ ਦੇ ਐੱਨ.ਐੱਸ.ਐੱਸ. ਵਿਭਾਗ ਅਤੇ ਕਾਲਜ ਚੋਣ ਨੋਡਲ ਅਫ਼ਸਰ ਪ੍ਰੋ. ਬਲਜਿੰਦਰ ਸਿੰਘ ਵਲੋਂ, 'ਮੇਰਾ ਪਹਿਲਾ ਵੋਟ ਆਪਣੇ ਦੇਸ਼ ਲਈ ' ਵਿਸ਼ੇ ਤੇ ਆਧਾਰਿਤ ਵੋਟਰ ਜਾਗਰੂਕਤਾ ਸੈਮੀਨਾਰ ਦਾ ਆਯੋਜਨ

ਕੀਤਾ ਗਿਆ। ਇਸ ਦੌਰਾਨ ਸਵੀਪ ਬਾਰੇ ਸਹਾਇਕ ਜਿਲ੍ਹਾ ਨੋਡਲ ਅਫ਼ਸਰ ਸ਼ੁਰੇਸ ਗੌਰ ਅਤੇ ਜਿਲ੍ਹਾ ਸਵੀਪ ਟੀਮ ਨੇ ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ, ਚੋਣ ਕਮਿਸ਼ਨ ਨਾਲ ਸਬੰਧਤ ਐਪਸ ਬਾਰੇ ਵੀ ਦੱਸਿਆ। ਚੋਣ ਦਫ਼ਤਰ ਵੱਲੋਂ ਕਾਲਜ ਵਿਖੇ ਨਵੀਂਆਂ ਵੋਟਾਂ ਬਣਾਉਣ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿੱਚ ਲਗਭਗ 33 ਵਿਦਿਆਰਥੀਆਂ ਨੇ ਨਵੀਆਂ ਵੋਟਾਂ ਬਣਵਾਈਆਂ। ਇਸ ਮੌਕੇ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ।

---------------------------------------------------------------

ਫ਼ਰੀਦਕੋਟ ਦੇ ਜ਼ਿਲਾ ਚੋਣ ਅਫਸਰ ਵਿਨੀਤ ਕੁਮਾਰ ਨੇ ਦੱਸਿਆ ਕਿ ਚੋਣ ਕਮਿਸ਼ਨ ਵੱਲੋਂ ਚੋਣਾਂ ਵਾਲੇ ਦਿਨ ਅਤੇ ਉਸ ਤੋਂ ਇੱਕ ਦਿਨ ਪਹਿਲਾਂ ਅਖਬਾਰਾਂ ਵਿੱਚ ਬਿਨਾਂ ਪੂਰਵ ਪ੍ਰਵਾਨਗੀ ਤੋਂ, ਕੋਈ ਵੀ ਸਿਆਸੀ ਇਸ਼ਤਿਹਾਰ ਛਾਪਣ ਤੇ ਰੋਕ ਲਗਾਈ ਗਈ ਏ । ਜ਼ਿਲਾ ਚੋਣ ਅਫਸਰ ਨੇ ਦੱਸਿਆ ਕਿ ਪੰਜਾਬ ਵਿੱਚ ਵੋਟਾਂ ਪਹਿਲੀ ਜੂਨ ਨੂੰ ਪੈਣੀਆਂ ਨੇ, ਇਸ ਲਈ 31 ਮਈ ਅਤੇ ਪਹਿਲੀ ਜੂਨ ਦੇ ਅਖਬਾਰ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰ ਛਪਵਾਉਣ ਤੋਂ ਪਹਿਲਾਂ ਇਸ ਇਸ਼ਤਿਹਾਰ ਨੂੰ

ਮੀਡੀਆ ਸਰਟੀਫਿਕੇਸਨ ਅਤੇ ਮੋਨੀਟਰਿੰਗ ਕਮੇਟੀ ਅਤੇ ਸਬੰਧਤ ਐਸ.ਡੀ.ਐਮਜ ਤੋਂ ਪ੍ਰਵਾਨਗੀ  ਲਾਜ਼ਮੀ ਏ। ਉਨ੍ਹਾਂ ਨੇ ਸਮੂਹ ਸਿਆਸੀ ਪਾਰਟੀਆਂ ਅਤੇ ਮੀਡੀਆ ਅਦਾਰਿਆਂ ਨੂੰ ਵੀ ਇਹਨਾਂ ਹਦਾਇਤਾਂ ਦੀ ਸਖਤੀ ਨਾਲ ਪਾਲਣ ਕਰਨ ਦੀ ਅਪੀਲ ਕੀਤੀ ਏ।

---------------------------------------------------------

ਚੰਗੀ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅੱਜ ਵਿਸ਼ਵ ਸਿਹਤ ਦਿਵਸ ਮਨਾਇਆ ਜਾ ਰਿਹਾ ਏ । ਵਿਸ਼ਵ ਸਿਹਤ ਸੰਗਠਨ ਨੇ ਕਰੀਬ 450 ਕਰੋੜ ਲੋਕਾਂ  ਵਿਚ ਜ਼ਰੂਰੀ ਸਿਹਤ ਸੇਵਾਵਾਂ ਦੀ ਗੰਭੀਰ ਘਾਟ ਨੂੰ ਦੂਰ ਕਰਨ ਲਈ, ਇਸ ਸਾਲ ਦਾ ਵਿਸ਼ਾ 'ਮੇਰੀ ਸਿਹਤ, ਮੇਰਾ ਅਧਿਕਾਰ'  ਐਲਾਨਿਆ ਏ। ਆਕਾਸ਼ਵਾਣੀ ਸਮਾਚਾਰ ਨਾਲ ਗੱਲ ਕਰਦੇ ਹੋਏ,  ਨਵੀਂ ਦਿੱਲੀ ਏਮਜ਼ ਦੇ ਪ੍ਰੋਫੈਸਰ, ਡਾ. ਰੀਮਾ ਦਾਦਾ ਨੇ ਕਿਹਾ ਕਿ ਜੀਵਨ-ਸ਼ੈਲੀ ਵਿੱਚ ਮੁੱਖ ਤਬਦੀਲੀਆਂ ਅਤੇ ਯੋਗਾ ਵਰਗੇ ਅਭਿਆਸਾਂ ਨੂੰ ਅਪਣਾਉਣ ਨਾਲ  ਬਿਮਾਰੀਆਂ ਨੂੰ ਹਰਾਇਆ ਜਾ ਸਕਦਾ ਏ, ਖਾਸ ਕਰਕੇ ਨੌਜਵਾਨਾਂ ਵਿੱਚ ਜੋ ਚਿੰਤਾਜਨਕ ਦਰ ਨਾਲ ਵਧ ਰਹੀਆਂ ਨੇ। ਵਿਸ਼ਵ ਸਿਹਤ ਦਿਵਸ ਪਹਿਲੀ ਵਾਰ ਸਾਲ 1950 ਵਿੱਚ ਵਿਸ਼ਵ ਸਿਹਤ ਸੰਗਠਨ ਦੁਆਰਾ ਸੰਗਠਨ ਦੀ ਸਥਾਪਨਾ ਅਤੇ ਸਿਹਤ ਦੇ ਮਹੱਤਵ 'ਤੇ ਵਿਸ਼ਵ-ਵਿਆਪੀ ਧਿਆਨ ਖਿੱਚਣ ਲਈ ਮਨਾਇਆ ਗਿਆ ਸੀ।

------------------------------------------------

ਓਧਰ ਫਾਜ਼ਿਲਕਾ ਵਿਖੇ ਇਸ ਮੌਕੇ ਸਿਵਲ ਸਰਜਨ ਡਾ ਚੰਦਰ ਸ਼ੇਖਰ ਕੱਕੜ ਦੀ ਪ੍ਰਧਾਨਗੀ ਵਿੱਚ ਕੱਲ ਸਾਰੇ ਹੈਲਥ ਐਂਡ ਵੈਲਨੈਸ ਸੈਂਟਰਾਂ ਵਿਖੇ ਸਿਹਤ ਜਾਗਰੂਕਤਾ ਸਮਾਗਮ ਕੀਤਾ ਗਿਆ। ਸਿਵਲ ਸਰਜਨ ਨੇ ਦੱਸਿਆ ਕਿ ਦਿਨ ਪ੍ਰਤੀ ਦਿਨ ਸਾਡੇ ਜੀਵਨ ਸ਼ੈਲੀ ਵਿੱਚ ਬਦਲਾਅ ਆ ਰਿਹਾ ਏ ਤੇ ਮਸ਼ੀਨਰੀ ਯੁੱਗ ਆਉਣ ਕਾਰਣ ਸਾਡੀਆਂ ਸਰੀਰਕ ਗਤੀਵਿਧੀਆਂ ਘਟ ਹੋ ਰਹੀਆਂ ਨੇ । ਇਸ ਮੌਕੇ ਸਿਵਲ ਸਰਜਨ ਫਾਜ਼ਿਲਕਾ ਡਾ ਚੰਦਰ ਸ਼ੇਖਰ ਨੇ ਦੱਸਿਆ ਸ਼ੂਗਰ, ਕੈਸਰ, ਬਲੱਡ ਪ੍ਰੈਸ਼ਰ, ਸਟ੍ਰੋਕ ਅਤੇ ਦਿਲ ਦੀਆ ਬਿਮਾਰੀਆਂ ਦੇ ਮਰੀਜ਼ ਦਿਨ ਪ੍ਰਤੀ ਦਿਨ ਵਧ ਰਹੇ ਨੇ, ਜਿਸ ਦਾ ਕਾਰਣ ਸਰੀਰਕ ਗਤੀਵਿਧੀਆਂ ਘੱਟ ਹੋਣਾ ਏ। ਜੇਕਰ ਅਸੀਂ ਇਨ੍ਹਾਂ ਬਿਮਾਰੀਆਂ ਤੇ ਕਾਬੂ ਕਰਨਾ ਏ ਤਾਂ ਆਪਣੀ ਜੀਵਨ ਸ਼ੈਲੀ ਵਿੱਚ ਬਦਲਾਅ ਲਿਆਉਣ ਦੀ ਜਰੂਰਤ ਏ ਅਤੇ ਖੇਡਾਂ ਤੇ ਕਸਰਤ ਵੱਲ ਵਿਸ਼ੇਸ਼ ਧਿਆਨ ਦੇਣਾ ਹੋਵੇਗਾ । ਉਹਨਾਂ ਕਿਹਾ ਕਿ ਬੱਚਿਆਂ ਨੂੰ ਫਾਸਟ ਫੂਡ ਤੋ ਬਚਾਅ ਕੇ ਖੇਡਾਂ, ਸਾਈਕਲਿੰਗ ਅਤੇ ਕਸਰਤ ਕਰਨ ਦੀ ਆਦਤ ਪਾਉਣੀ ਚਾਏਦੀ ਏ।